# EpiPen® ਅਤੇ EpiPen Jr® ਆਟੋ-ਇੰਜੈਕਟਰਜ਼ ਦੀ ਵਰਤੋਂ ਕਿਵੇਂ ਕਰੀਏ।

EpiPen® ਆਟੋ-ਇੰਜੈਕਟਰ ਨੂੰ ਕੈਰੀਅਰ ਟਿਊਬ ਵਿੱਚੋਂ ਕੱਢੋ ਅਤੇ ਇਹਨਾਂ 2 ਸਰਲ ਕਦਮਾਂ ਦਾ ਪਾਲਣ ਕਰੋ:

## 1. ਨੀਲਾ ਪਾਸਾ ਅਸਮਾਨ ਵੱਲ।



- ਸੰਤਰੀ ਰੰਗ ਦੀ ਨੋਕ (ਸਿਰੇ) ਨੂੰ ਹੇਠਾਂ ਵੱਲ ਕਰਦੇ ਹੋਏ ਪਕੜੋ
- **ਨੀਲੇ ਰੰਗ ਦੀ ਸੁਰੱਖਿਆ ਕੈਪ (ਢੱਕਣ) ਨੂੰ ਬਿਲਕੁਲ ਸਿੱਧੇ ਖਿੱਚ੍ਹਕੇ ਉਤਾਰ ਦਿਓ–ਮੋੜੋ ਜਾਂ ਮਰੋੜੋ ਨਹੀਂ**

## 2. ਸੰਤਰੀ ਰੰਗ ਪੱਟ ਵੱਲ।



- ਸੰਤਰੀ ਨੋਕ (ਸਿਰੇ) ਨੂੰ ਪੱਟ ਦੇ ਬਾਹਰਲੇ ਪਾਸੇ ਦੇ ਵਿਚਕਾਰ ਰੱਖੋ
- **ਆਟੋ-ਇੰਜੈਕਟਰ ਨੂੰ ਹੁਲਾਰੇ ਨਾਲ ਘੁੰਮਾ ਕੇ ਪੱਟ ਦੇ ਅੰਦਰ ਖੋਭੋ ਜਦੋਂ ਤੱਕ ਇਹ "ਕਲਿੱਕ" ਨਾ ਕਰੇ**
- ਪੂਰੇ 3 ਸਕਿੰਟਾਂ ਲਈ ਉਸੇ ਸਥਾਨ 'ਤੇ ਪਕੜੀ ਰੱਖੋ

EpiPen® (Epinephrine) Auto-Injectors 0.3/0.15mg

Trusted for over 25 years.

**EpiPen® ਨੂੰ ਵਰਤਣ ਤੋਂ ਬਾਅਦ, ਤੁਹਾਨੂੰ ਫ਼ੌਰਨ ਮੈਡੀਕਲ ਸਹਾਇਤਾ ਲੱਭਣੀ ਚਾਹੀਦੀ ਹੈ ਜਾਂ ਐਮਰਜੈਂਸੀ ਰੂਮ ਵਿਖੇ ਜਾਣਾ ਚਾਹੀਦਾ ਹੈ। ਅਗਲੇ 48 ਘੰਟਿਆ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਹੈੱਲਥ ਕੇਅਰ ਫ਼ੈਸਿਲਿਟੀ ਦੇ ਕੋਲ ਰਹਿਣਾ ਚਾਹੀਦਾ ਹੈ ਜਾਂ 911 'ਤੇ ਕਾਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ।**

# ਜਾਣਕਾਰੀ ਰੱਖੋ। ਤਿਆਰ ਰਹੋ।



## EpiPen.ca ਦੀ ਖਪਤਕਾਰ ਸਾਈਟ ਦੇਖੋ

- ਇਸ ਬਾਰੇ ਜਾਣੋ ਕਿ ਤੁਹਾਡੇ EpiPen® ਆਟੋ-ਇੰਜੈਕਟਰ ਦੀ ਵਰਤੋਂ ਕਦੋਂ ਅਤੇ ਕਿਵੇਂ ਕਰਨੀ ਹੈ
- EpiPen® ਵੇਸਟਪੈਕਾਂ, ਸਿਖਲਾਈ ਕਿੱਟਾਂ ਅਤੇ ਹੋਰ ਚੀਜ਼ਾਂ ਦਾ **ਮੁਫ਼ਤ** ਆਰਡਰ ਦਿਓ
- EpiPen® ਦੀ ਮਿਆਦ ਸਮਾਪਤੀ ਵਾਸਤੇ **ਮੁਫ਼ਤ** ਯਾਦ-ਦਹਾਨੀਆਂ ਅਤੇ ਸੂਚਨਾਪੱਤਰਾਂ ਲਈ ਸਾਈਨ-ਅੱਪ ਕਰੋ
- EpiPen® ਵੀਡੀਓ ਗੈਲਰੀ ਬਰਾਊਜ਼ ਕਰੋ ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲ (FAQs) ਦੇਖੋ

## ਵਧੀਕ ਸਰੋਤ

- Food Allergy Canada: **foodallergycanada.ca**
- Allergy, Asthma & Immunology Society of Ontario: **allergyasthma.on.ca**
- Allergies Québec: **allergies-alimentaires.org**
- The Association of Allergists and Immunologists of Québec: **allerg.qc.ca**

EpiPen® ਅਤੇ EpiPen Jr® (ਈਪਾਈਨਫਰੀਨ) ਆਟੋ-ਇੰਜੈਕਟਰ ਉਹਨਾਂ ਮਰੀਜ਼ਾਂ ਵਿੱਚ ਐਨਾਫਾਈਲੈਕਟਿਕ ਪ੍ਰਤਿਕਿਰਿਆਵਾਂ ਦੇ ਇਲਾਜ ਵਾਸਤੇ ਸਿਫਾਰਸ਼ ਕੀਤੇ ਜਾਂਦੇ ਹਨ ਜਿੰਨ੍ਹਾਂ ਦੇ ਐਨਾਫਾਈਲੈਕਸਿਸ ਦੇ ਵਧੇ ਹੋਏ ਜੋਖਮ 'ਤੇ ਹੋਣ ਦਾ ਨਿਰਣਾ ਕੀਤਾ ਗਿਆ ਹੈ, ਜਿਸ ਵਿੱਚ ਉਹ ਵਿਅਕਤੀ ਵਿਸ਼ੇਸ਼ ਵੀ ਸ਼ਾਮਲ ਹਨ ਜਿੰਨ੍ਹਾਂ ਦਾ ਐਨਾਫਾਈਲੈਕਟਿਕ ਪ੍ਰਤਿਕਿਰਿਆਵਾਂ ਦਾ ਇਤਿਹਾਸ ਹੈ। ਉਚਿਤ ਖੁਰਾਕ ਦੀ ਸ਼ਕਤੀ ਦੀ ਚੋਣ ਦਾ ਨਿਰਣਾ ਮਰੀਜ਼ ਦੇ ਸਰੀਰ ਦੇ ਭਾਰ ਅਨੁਸਾਰ ਕੀਤਾ ਜਾਂਦਾ ਹੈ।

EpiPen® ਅਤੇ EpiPen Jr® ਨੂੰ ਕੇਵਲ ਸੰਕਟਕਾਲ ਵਿੱਚ ਸਹਾਇਤਾਕਾਰੀ ਚਿਕਿਤਸਾ ਵਜੋਂ ਡਿਜ਼ਾਈਨ ਕੀਤਾ ਗਿਆ ਹੈ। ਇਹ ਬਾਅਦ ਵਿੱਚ ਹੋਣ ਵਾਲੀ ਡਾਕਟਰੀ ਜਾਂ ਹਸਪਤਾਲ ਵਿੱਚ ਦੇਖਭਾਲ ਦਾ ਬਦਲ ਨਹੀਂ ਹਨ। ਦਵਾਈ ਦਿੱਤੇ ਜਾਣ ਦੇ ਬਾਅਦ, ਮਰੀਜ਼ਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਮੰਗ ਕਰਨੀ ਚਾਹੀਦੀ ਹੈ ਜਾਂ ਐਮਰਜੈਂਸੀ ਰੂਮ ਵਿਖੇ ਜਾਣਾ ਚਾਹੀਦਾ ਹੈ। ਅਗਲੇ 48 ਘੰਟਿਆਂ ਵਾਸਤੇ, ਮਰੀਜ਼ਾਂ ਨੂੰ ਲਾਜ਼ਮੀ ਤੌਰ 'ਤੇ ਕਿਸੇ ਸਿਹਤ-ਸੰਭਾਲ ਸੁਵਿਧਾ ਦੇ ਨੇੜੇ ਤੇੜੇ ਜਾਂ ਫਿਰ ਅਜਿਹੀ ਜਗਹ 'ਤੇ ਰਹਿਣਾ ਚਾਹੀਦਾ ਹੈ ਜਿੱਥੋਂ ਉਹ 911 ਨੂੰ ਕਾਲ ਕਰ ਸਕਣ। ਇਹ ਯਕੀਨੀ ਬਣਾਉਣ ਲਈ ਕਿ ਇਹ ਉਤਪਾਦ ਤੁਹਾਡੇ ਵਾਸਤੇ ਸਹੀ ਹੈ, ਹਮੇਸ਼ਾ ਲੇਬਲ ਪੜ੍ਹੋ ਅਤੇ ਇਸਦੀ ਪਾਲਣਾ ਕਰੋ। ਚੇਤਾਵਨੀਆਂ ਅਤੇ ਸਾਵਧਾਨੀਆਂ, ਗੌਣ ਪ੍ਰਭਾਵਾਂ, ਅਤੇ ਖੁਰਾਕ ਦੀ ਮਾਤਰਾ ਅਤੇ ਇਸਨੂੰ ਲੈਣ ਬਾਰੇ ਸੰਪੂਰਨ ਹਿਦਾਇਤਾਂ ਵਾਸਤੇ ਕਿਰਪਾ ਕਰਕੇ ਆਪਣੇ ਉਤਪਾਦ ਦੇ ਪੈਕੇਜ ਵਿਚਲੇ ਖਪਤਕਾਰ ਜਾਣਕਾਰੀ ਕਿਤਾਬਚੇ ਨੂੰ ਦੇਖੋ।

ਇਸ ਹਵਾਲਾ ਕਾਰਡ ਦਾ ਅਨੁਵਾਦ ਇੰਨ-ਬਿੰਨ PAAB ਵੱਲੋਂ ਮਨਜ਼ੂਰਸ਼ੁਦਾ APS ਦੁਆਰਾ ਕੀਤਾ ਗਿਆ ਸੀ।

© 2020 Pfizer Canada ULC, Kirkland, Quebec H9J 2M5 • ਟੋਲ-ਫ੍ਰੀ: 1-877-EPIPEN1 (1-877-374-7361)
EpiPen®, EpiPen Jr® Mylan, Inc. ਦੇ ਰਜਿਸਟਰਡ ਟ੍ਰੇਡਮਾਰਕ ਹਨ, ਜੋ ਇਸਦੀ ਸੰਪੂਰਨ ਮਲਕੀਅਤ ਵਾਲੀ ਸਹਿਯੋਗੀ ਕੰਪਨੀ, Mylan Specialty, L.P. ਨੂੰ ਲਾਇਸੈਂਸ ਤਹਿਤ ਦਿੱਤੇ ਗਏ ਹਨ; ਉਪ-ਲਸੰਸਦਾਰ, Pfizer Canada ULC, Kirkland, Quebec H9J 2M5

EpiPen®
(Epinephrine) Auto-Injectors 0.3/0.15mg
Trusted for over 25 years.

MEMBER OF INNOVATIVE MEDICINES CANADA

PP-EPI-CAN-0261-PJ